16 DAYS OF ACTIVISM AGAINST GENDER VIOLENCE
16 DÍAS DE ACTIVISMO CONTRA LA VIOLENCIA DE GÉNERO
16 JOURS D'ACTIVISME CONTRE LA VIOLENCE DE GENRE
25 NOV - 10 DEC http://16dayscwgl.rutgers.edu

# 57th Commission on the Status of Women

## ਔਰਤਾਂ ਦੇ ਦਰਜੇ ਸਬੰਧੀ 57ਵਾਂ ਕਮਿਸ਼ਨ

ਔਰਤਾਂ ਵਿਰੁੱਧ ਹਰ ਪ੍ਰਕਾਰ ਦੀ ਹਿੰਸਾ ਦਾ ਖਾਤਮਾ ਅਤੇ ਰੋਕ :

ਔਰਤਾਂ ਦੇ ਦਰਜੇ ਸਬੰਧੀ ਕਮਿਸ਼ਨ ਕੀ ਹੈ ?

ਔਰਤਾਂ ਦੇ ਦਰਜੇ ਸਬੰਧੀ ਕਮਿਸ਼ਨ (ਸੀ. ਐਮ . ਡਬਲਿਊ.) ਯੂਨਾਈਟਿਡ ਨੇਸ਼ਨਜ਼ ਐਂਡ ਸੋਸ਼ਲ ਕੌਂਸਲ (ਈ . ਸੀ.ਓ . ਐਸ . ਓ . ਸੀ.) ਦਾ ਇਕ ਕ੍ਰਿਆਸ਼ਿਲ ਕਮਿਸ਼ਨ ਹੈ| ਇਹ 1946 ਵਿਚ ਸਥਾਪਿਤ ਹੋਇਆ ਸੀ| ਇਹ ਇਕ ਪ੍ਰਮੁੱਖ ਗਲੋਬਲ ਨੀਤੀ ਘੜਨ ਵਾਲੀ ਸੰਸਥਾ ਹੈ, ਜੋਕਿ ਪੂਰੀ ਤਰ੍ਹਾਂ ਔਰਤਾਂ ਦੀ ਤਰੱਕੀ ਅਤੇ ਬਰਾਬਰੀ ਨੂੰ ਸਮਰਪਿਤ ਹੈ| ਸੀ. ਐਮ . ਡਬਲਿਊ. ਦਾ ਮੰਤਵ ਹੈ ਕਿ ਉਹ ਔਰਤਾਂ ਦੇ ਰਾਜਨੀਤਕ, ਆਰਥਿਕ, ਸਿਵਲ,ਸਮਾਜਿਕ ਅਤੇ ਵਿੱਦਿਅਕ ਖੇਤਰ ਦੇ ਅਧਿਕਾਰਾਂ ਦਾ ਪ੍ਰਸਾਰ ਕਰਕੇ ਕੌਂਸਲ ਨੂੰ ਇਸ ਦੀਆਂ ਸਿਫਾਰਸ਼ਾਂ ਅਤੇ ਰਿਪੋਰਟਾਂ ਭੇਜੇ| ਹਰ ਸਾਲ ਮੈਂਬਰ-ਰਾਜਾਂ ਦੇ ਨੁਮਾਇੰਦੇ ਯੂਨਾਈਟਿਡ ਨੈਸ਼ਨਜ਼ ਦੇ ਨਿਊਯਾਰਕ ਵਿਖੇ ਸਦਰਮੁਕਾਮ ਉੱਤੇ ਇੱਕਠੇ ਹੁੰਦੇ ਹਨ , ਤਾਂਕਿ ਸੰਸਾਰ ਪੱਧਰ ਤੇ ਲਿੰਗ-ਆਧਾਰ ਦੀ ਬਰਾਬਰੀ, ਇਸ ਸਬੰਧੀ ਚੁਨੌਤੀਆਂ, ਸੰਸਾਰ ਪੱਧਰ ਤੇ ਇਸਦੇ ਗਿਆਨ ਅਤੇ ਉਹ ਨੀਤੀਆਂ ਜਿਨ੍ਹਾਂ ਨਾਲ ਲਿੰਗ-ਭੇਦ ਆਧਾਰ ਦੀ ਬਰਾਬਰੀ ਅਤੇ ਔਰਤਾਂ ਦੇ ਸਸ਼ਕਤੀਕਰਣ ਦਾ ਵਿਸਤਾਰ ਹੋ ਸਕੇ, ਇਨ੍ਹਾਂ ਸਭ ਗੱਲਾਂ ਦਾ ਮੁਲਾਂਕਣ ਹੋ ਸਕੇ|

ਔਰਤਾਂ ਦੇ ਦਰਜੇ ਸਬੰਧੀ ਕਮਿਸ਼ਨ ਦੀ ਮੁੱਖ ਪ੍ਰਾਪਤੀ ਹਰ ਵਰ੍ਹੇ ਦਾ ਪ੍ਰਮੁੱਖ ਤੇ ਪਹਿਲ ਦੇ ਆਧਾਰ ਵਾਲਾ ਵਿਸ਼ਾ ਹੁੰਦਾ ਹੈ| ਇਸਦੇ ਮੁੱਲਾਂਕਣ ਵਿਚ ਹੋਈ ਪ੍ਰਗਤੀ, ਖੱਪਿਆਂ ਅਤੇ ਚੁਨੌਤੀਆਂ ਦਾ ਮੁਲਾਂਕਣ ਦਿੱਤਾ ਗਿਆ ਹੁੰਦਾ ਹੈ| ਵਿਸ਼ੇਸ਼ ਤੌਰ ਤੇ, ਉਹ ਠੋਸ ਸਿਫਾਰਿਸ਼ਾਂ ਦਿੰਦੇ ਹਨ ਕਿ ਸਰਕਾਰਾਂ, ਅੰਤਰ ਸਰਕਾਰੀ ਸੰਗਠਨਾਂ, ਹੋਰ ਸੰਸਥਾਵਾਂ ਅਤੇ ਸਿਵਲ ਸੁਸਾਇਟੀ ਦੇ ਕਾਰਜਕਰਤਾਵਾਂ ਵਲੋਂ ਠੋਸ ਕਦਮ ਚੁੱਕੇ ਜਾਣ ਅਤੇ ਸਥਾਨਕ ਤੇ ਖੇਤਰੀ ਪੱਧਰ ਉੱਤੇ ਅਤੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਤੇ ਇਸਨੂੰ ਲਾਗੂ ਵੀ ਕੀਤਾ ਜਾਵੇ| ਪਰਵਾਨ ਹੋਏ ਨਤੀਜਿਆਂ ਤੋਂ ਇਲਾਵਾ, ਕਮਿਸ਼ਨ ਮਨੁੱਖੀ ਅਧਿਕਾਰਾਂ ਦੇ ਮਸਲੇ ਸਬੰਧੀ ਹੋਰ ਵੀ ਮਤੇ ਸਵੀਕਾਰ ਕਰਦਾ ਹੈ| ਕਮਿਸ਼ਨ ਦੀ ਸਾਲਾਨਾ ਰਿਪੋਰਟ ਆਰਥਿਕ ਤੇ ਸਮਾਜਿਕ ਕੌਂਸਲ ਕੋਲ ਪਰਵਾਨ ਹੋਣ ਲਈ ਪੇਸ਼ ਕੀਤੀ ਜਾਂਦੀ ਹੈ|

57-ਵਾਂ ਸੈਸ਼ਨ (2013)

ਔਰਤਾਂ ਦੀ ਦਰਜਾਬੰਦੀ ਸਬੰਧੀ ਕਮਿਸ਼ਨ ਦਾ ਸੱਤਵੰਜਵਾਂ ਸੈਸ਼ਨ, ਯੂਨਾਈਟਿਡ ਨੇਸ਼ਨਜ਼ ਦੇ ਸਦਰਮੁਕਾਮ, ਨਿਊ-ਯਾਰਕ ਵਿਖੇ 4-15 ਮਾਰਚ, 2013 ਨੂੰ ਹੋਵੇਗਾ| ਸੀ. ਐਸ . ਡਬਲਿਊ.-57 ਦਾ ਪ੍ਰਮੁੱਖ ਵਿਸ਼ਾ, ਔਰਤਾਂ ਅਤੇ ਲੜਕੀਆਂ ਵਿਰੁੱਧ ਹੁੰਦੀ ਹਰ ਪ੍ਰਕਾਰ ਦੀ ਹਿੰਸਾ ਨੂੰ ਰੋਕਣਾ ਅਤੇ ਖਤਮ ਕਰਨਾ ਹੋਵੇਗਾ| ਇਸ ਵਿਚ ਖਾਸ ਕੇਂਦ੍ਰਿਤ ਖੇਤਰ ਹੋਣਗੇ, ਮੁੱਢਲੀ ਰੋਕਥਾਮ ਸਬੰਧੀ ਤਰਕੀਬਾਂ ਜਾਂ ਜੁਗਤਾਂ ਅਤੇ ਬਾਕੀਆਂ ਦੀਆਂ ਲੋੜਾਂ ਨੂੰ ਪੂਰਿਆਂ ਕਰਨਾ| ਰਿਵਿਊ ਸਬੰਧੀ ਵਿਸ਼ਾ ਹੋਵੇਗਾ ਕਿ ਔਰਤਾਂ ਅਤੇ ਮਰਦਾਂ ਵਿਚਕਾਰ ਬਰਾਬਰ ਦੀ ਜ਼ਿੰਮੇਵਾਰੀ ਹੋਵੇਗੀ, ਇਸ ਵਿਚ ਐਚ . ਆਈ . ਵੀ/ਏਡਜ਼ ਵਰਗੀਆਂ ਬਿਮਾਰੀਆਂ ਵੀ ਸ਼ਾਮਿਲ ਹਨ | ਰਿਵਿਊ ਸਬੰਧੀ ਵਿਸ਼ੇ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਸੀ. ਐਸ . ਡਬਲਿਊ.-53 ਦੇ ਪਰਵਾਨਿਤ ਨਤੀਜੇ ਨੂੰ ਵਾਚੋ, ਜੋਕਿ ਇਥੇ ਉਪਲੱਬਧ ਹੈ :

ਐਚ ਟੀ ਟੀ ਪੀ://ਡਬਲਿਊ ਡਬਲਿਊ ਡਬਲਿਊ. ਯੂ ਐਨ . ਆਰਗ /ਵੁਮੈੱਨ ਵਾਚ/ਡੀ ਏ ਡਬਲਿਊ/ ਸੀ ਐਸ ਡਬਲਿਊ/ਐਗਰੀਡ ਕਨਕਲੂਯਨਜ਼. ਐਚ ਟੀ ਐਮ ਐਲ % 53

57-ਵੇਂ ਸੈਸ਼ਨ ਸਬੰਧੀ ਵਧੇਰੇ ਜਾਣਕਾਰੀ ਇਥੇ ਉਪਲੱਬਧ ਹੋ ਸਕਦੀ ਹੈ:

ਐਚ ਟੀ ਟੀ ਪੀ://ਡਬਲਿਊ ਡਬਲਿਊ ਡਬਲਿਊ. ਯੂ ਐਨ . ਆਰਗ /ਵੁਮੈੱਨ ਵਾਚ/ਡੀ ਏ ਡਬਲਿਊ/ ਸੀ ਐਸ ਡਬਲਿਊ/57 ਸੈੱਸ. ਐਚ ਟੀ ਐਮ .

ਸੈਂਟਰ ਫਾਰ ਵੁਮੈੱਨਜ਼ ਗਲੋਬਲ ਲੀਡਰਸ਼ਿਪ

ਰੁਟਗਰਜ਼, ਦੀ ਸਟੇਟ ਯੂਨੀਵਰਸਿਟੀ ਆਫ ਨਿਊ ਜਰਸੀ

ਐਚ ਟੀ ਟੀ ਪੀ://ਸੀ ਡਬਲਿਊ ਜੀ ਐਲ . ਰੁਟਗਰਜ਼. ਐਜੂ

ਅਸੀਂ ਇਸ ਵਿਚ ਕਿਵੇਂ ਸ਼ਮੂਲੀਅਤ ਕਰ ਸਕਦੇ ਹਾਂ ?

ਸੰਗਠਨਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ ਸੀ. ਐਸ . ਡਬਲਿਊ. ਦੀਆਂ ਤਿਆਰੀਆਂ ਅਤੇ ਕਾਰਜਾਂ ਸਬੰਧੀ ਨਿਰੰਤਰ ਜਾਣਕਾਰੀ ਪ੍ਰਾਪਤ ਕਰਨ ਹਿਤ ਸੀ. ਐਸ . ਡਬਲਿਊ. ਵੈਬਸਾਈਟ ਨੂੰ ਵਾਚਣ| ਉਹ ਐਨ ਜੀ ਓ ' ਜ਼ ਜਿਹੜੀਆਂ ਯੂਨਾਈਟਿਡ ਨੇਸ਼ਨਜ਼ ਇਕਨਾਮਿਕ ਐਂਡ ਸੋਸ਼ਲ ਕੌਂਸਿਲ (ਈ . ਸੀ. ਓ . ਐਸ . ਓ . ਸੀ.) ਨਾਲ ਜੁੜੀਆਂ ਹੋਈਆਂ ਅਤੇ ਪਰਵਾਨਿਤ ਹਨ , ਉਹ ਔਰਤਾਂ ਦੇ ਦਰਜੇ ਸਬੰਧੀ ਕਮਿਸ਼ਨ ਦੇ ਸਾਲਾਨਾ ਸੈਸ਼ਨ ਵਿਚ ਸ਼ਮੂਲੀਅਤ ਲਈ ਆਪਣੇ ਨੁਮਾਇੰਦੇ ਭੇਜ ਸਕਦੀਆਂ ਹਨ ਅਤੇ ਕਮਿਸ਼ਨ ਨੂੰ ਲਿਖਤੀ ਸਟੇਟਮੈਂਟ ਦੇ ਸਕਦੀਆਂ ਹਨ | ਜਿਹੜੀਆਂ ਐਨ ਜੀ ਓ ' ਜ਼ , ਈ . ਸੀ. ਓ . ਐਸ . ਓ . ਸੀ. ਦੀਆਂ ਸਲਾਹਕਾਰ ਹਨ , ਉਹ ਕਮਿਸ਼ਨ ਦੀਆਂ ਔਰਤਾਂ ਦੇ ਦਰਜੇ (ਸੀ. ਐਸ . ਡਬਲਿਊ.) ਸਬੰਧੀ ਸਰਕਾਰੀ ਮੀਟਿੰਗਾਂ ਵਿਚ ਵੀ ਆਪਣੇ

ਨੁਮਾਇੰਦੇ ਭੇਜ ਸਕਦੀਆਂ ਹਨ |

ਵਧੇਰੇ ਜਾਣਕਾਰੀ ਇਸ ਵੈੱਬਸਾਈਟ ਤੇ ਉਪੱਲਬਧ ਹੈ :

ਐਚ ਟੀ ਟੀ ਪੀ://ਡਬਲਿਊ ਡਬਲਿਊ ਡਬਲਿਊ. ਯੂ. ਐਨ . ਆਰਗ /ਵੁਮੈੱਨ ਵਾਚ/ਡੀ ਏ ਡਬਲਿਊ/ ਸੀ ਐਸ ਡਬਲਿਊ/

ਐਨ ਜੀ ਓ . ਐਚ ਟੀ ਐਮ ਐਲ .